ਦਫ਼ਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
OFFICE OF THE SUB DIVISIONAL MAGISTRATE-Cum-ELECTORAL REGISTRATION OFFICE
90-RAMPURA PHUL A.C.
Phone No.01651-248225 Fax No. 01651-248025 E-mail: ero90rampuraphul@gmail.com
ਜਿੰਮੇਵਾਰ ਬਣੋ, ਵੋਟਰ ਬਣੋ
ਜਿੰਮੇਵਾਰ ਬਣੋ, ਵੋਟਰ ਬਣੋ

ਵੱਲ

ਸਮੂਹ ਸੁਪਰਵਾਈਜ਼ਰ
090- ਵਿਧਾਨ ਸਭਾ ਹਲਕਾ, ਰਾਮਪੁਰਾ ਫੂਲ।
ਪੱਤਰ ਨੰ. 63 /ਚੋਣ ਸ਼ਾਖਾ ਮਿਤੀ- 17.01.2024

ਵਿਸ਼ਾ:- ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਮਨਾਉਣ ਸਬੰਧੀ।
ਹਵਾਲਾ:- ਜਿਲ੍ਹਾ ਚੋਣ ਅਫਸਰ, ਬਠਿੰਡਾ ਦੇ ਦਫਤਰ ਦੇ ਪੱਤਰ ਨੰ. 2025/145 ਮਿਤੀ-16.01.2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਭਾਰਤ ਚੋਣ ਕਮਿਸ਼ਨ ਵੱਲੋਂ ਲੋਕਤੰਤਰ ਪ੍ਰਣਾਲੀ ਵਿੱਚ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 25 ਜਨਵਰੀ 2025 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਆਪਦੇ ਸੈਕਟਰ ਅਧੀਨ ਆਉਂਦੇ ਸਮੂਹ ਬੀ.ਐੱਲ.ਓਜ਼ ਨੂੰ ਬੂਥਾਂ ਉੱਪਰ ਰਾਸ਼ਟਰੀ ਵੋਟਰ ਦਿਵਸ ਮਨਾਉਣ ਦੀ ਹਦਾਇਤ ਕੀਤੀ ਜਾਵੇ ਅਤੇ ਬੀ.ਐੱਲ.ਓਜ਼ ਦੇ ਸਬੰਧਤ ਬੂਥਾਂ ਦੇ ਵੋਟਰਾਂ ਦੀ ਚੋਣਾਂ ਵਿੱਚ ਭਾਗੀਦਾਰੀ ਯਕੀਨੀ ਬਣਾਉਣ ਲਈ ਵੋਟਰਾਂ ਵੱਲੋਂ ਵੋਟਰ ਪ੍ਰਣ ਲੈਣ ਲਈ ਪ੍ਰੇਰਿਤ ਕੀਤਾ ਜਾਵੇ, ਜਿਸ ਲਈ ਆਪ ਨੂੰ ਵੋਟਰ ਪ੍ਰਣ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਅਤੇ ਇਸ ਮੌਕੇ ਵੋਟਰਾਂ ਵੱਲੋਂ ਵੋਟਰ ਪ੍ਰਣ ਲੈਂਦਿਆਂ ਦੀਆਂ ਤਸਵੀਰਾਂ ਇਸ ਦਫਤਰ ਨਾਲ ਸੁਪਰਵਾਈਜ਼ਰ ਗਰੁੱਪ ਵਿੱਚ ਵਟਸਐਪ ਰਾਹੀਂ ਸਾਂਝੀਆਂ ਕੀਤੀਆਂ ਜਾਣ। ਸੋ ਇਸ ਸਬੰਧੀ ਆਪ ਵੱਲੋਂ ਮਿਤੀ 25.01.2025 ਨੂੰ ਆਪਣੇ ਸੈਕਟਰ ਦੇ ਅਧੀਨ ਆਉਂਦੇ ਬੀ.ਐੱਲ.ਓਜ਼ ਨੂੰ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ ਅਤੇ ਉਨ੍ਹਾਂ ਦੀ ਬੂਥਾਂ ਉੱਪਰ ਹਾਜ਼ਰੀ ਨਿੱਜੀ ਤੌਰ ਤੇ ਵਾਚੀ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।
ਮਿਤੀ- 17.01.2024

ਪਿੱਠ ਅੰਕਣ ਨੰਬਰ-64-66/ਚੋਣ ਸ਼ਾਖਾ

ਇਸ ਦਾ ਇੱਕ ਉਤਾਰਾ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਵਿਭਾਗਾਂ/ਸਕੂਲਾਂ ਦੇ ਮੁੱਖਿਆਂ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜੋ ਕਿ 090 ਰਾਮਪੁਰਾ ਫੂਲ ਵਿਖੇ ਬਤੌਰ ਸੁਪਰਵਾਈਜ਼ਰ/ਬੀ.ਐੱਲ.ਓਜ਼ ਡਿਊਟੀ ਨਿਭਾ ਰਹੇ ਹਨ ਨੂੰ ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2025 ਨੂੰ ਦਫਤਰੀ ਡਿਊਟੀ ਤੋਂ ਛੋਟ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਬੂਥਾਂ ਤੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ।
3. ਸਮੂਹ ਬਿਲਡਿੰਗ ਮੁੱਖੀਆਂ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 25 ਜਨਵਰੀ 2025 ਦਿਨ ਸ਼ਨੀਵਾਰ ਨੂੰ ਬੀ.ਐੱਲ.ਓਜ਼ ਵੱਲੋਂ ਬੂਥਾਂ ਉੱਪਰ ਹਾਜ਼ਰ ਹੋਣਾ ਹੈ, ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਿਲਡਿੰਗ ਨੂੰ ਖੁੱਲ੍ਹਾ ਰੱਖਿਆ ਜਾਵੇ ਅਤੇ ਬੀ.ਐੱਲ.ਓਜ਼ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/4( )2025/ 6265 ਮਿਤੀ: 17.01.25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਕਰਨੀ ਯਕੀਨੀ ਬਣਾਈ ਜਾਵੇ ।

17/01/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।